# 2007 ਦਾ ਬਜਟ - ਇਕ ਵਾਰ ਫਿਰ ਲੋਕਾਂ ਦਾ ਘਾਣ ਅਤੇ ਅਮੀਰਾਂ ਦੀਆਂ ਜੇਬਾਂ ਭਰਨ ਦਾ ਬਜਟ

ਹਿੰਦੁਸਤਾਨ ਦੇ ਖਜ਼ਾਨਾ ਮੰਤ੍ਰੀ ਚਿਦੰਬਰਮ ਨੇ ਫਰਵਰੀ 28 ਨੂੰ ਲੋਕ ਸਭਾ ਵਿਚ 2007 ਦਾ ਬਜਟ ਪੇਸ਼ ਕੀਤਾ। ਇਸ ਬਜਟ ਵਿਚ ਕੁਲ 563991 ਕਰੋੜ ਰੁਪਿਆ ਖ਼ਰਚ ਕਰਨ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਦਾ ਵੱਡਾ ਹਿੱਸਾ, 389019 ਕਰੋੜ ਰੁਪਿਆ, ਸੂਦਖ਼ੋਰਾਂ ਦੀਆਂ ਜੇਬਾਂ ਭਰਨ ਲਈ ਹੀ ਖ਼ਰਚ ਕੀਤਾ ਜਾਵੇਗਾ। ਇਹ ਇਸ ਬਜਟ ਦਾ 70ਫੀ ਸਦੀ ਹਿੱਸਾ ਹੈ। ਇਸ ਬਜਟ ਮੁਤਾਬਿਕ ਖੇਤੀ ਬਾੜੀ, ਸਨਅਤ, ਉਰਜਾ,ਆਵਾਜਾਈ, ਸੰਚਾਰ, ਵਿਗਿਆਨ ਅਤੇ ਤਕਨੀਕ ਤੇ 12862 ਕਰੋੜ ਰੁਪਿਆ ਖ਼ਰਚ ਕੀਤਾ ਜਾਵੇਗਾ ਅਤੇ ਇਹ ਇਸ ਬਜਟ ਦਾ ਸਿਰਫ਼ 2 ਫੀ ਸਦੀ ਹਿੱਸਾ ਹੈ। ਇਸੇ ਤਰਾਂ ਤਾਲੀਮ ਅਤੇ ਸਿਹਤ ਤੇ 8546 ਕਰੋੜ ਰੁਪਿਆ ਖ਼ਰਚ ਕੀਤਾ ਜਾਵੇਗਾ ਜੋ ਬਜਟ ਦਾ ਸਿਰਫ਼ ਡੇਢ੍ਹ ਫੀ ਸਦੀ ਹਿੱਸਾ ਹੈ। ਇਹਦਾ ਮਤਲਬ ਇਹ ਹੈ ਕਿ 100 ਕਰੋੜ ਦੀ ਆਬਾਦੀ ਉਪਰ ਸਰਕਾਰ ਸਿਰਫ਼ ਸਾਲ ਦੇ ਸਿਰਫ਼ ਸਾਡੇ ਅੱਠ ਰੁਪਏ ਫੀ ਇਨਸਾਨ ਖ਼ਰਚ ਕਰੇਗੀ। ਹਰ ਵਸਨੀਕ ਦੀ ਸਿਹਤ ਅਤੇ ਤਾਲੀਮ ਉਤੇ ਸਿਰਫ਼ 70 ਪੈਸੇ ਫੀ ਮਹੀਨਾ ਖ਼ਰਚ ਕਰੇਗੀ। ਹਿੰਦੁਸਤਾਨ ਵਿਚ ਜਿੱਥੇ ਲੋਕੀ ਭੁੱਖ, ਬਿਮਾਰੀ ਅਤੇ ਜਹਾਲਤ ਦੇ ਸ਼ਿਕਾਰ ਹਨ ਉਥੇ ਸਰਕਾਰ ਦਾ ਸਿਰਫ਼ ਸਾਲ ਵਿਚ ਸਿਰਫ਼ ਸਾਢੇ ਅੱਠ ਰੁਪਏ ਫੀ ਇਨਸਾਨ ਹੀ ਖ਼ਰਚ ਕਰਨਾ ਇਕ ਬਹੁਤ ਹੀ ਭੱਦਾ ਮਜ਼ਾਕ ਅਤੇ ਐਲਾਨ ਹੈ ਕਿ ਇਹ ਸਰਕਾਰ ਸਿਰਫ਼ ਅਮੀਰਾਂ ਦੀ ਜੇਬ ਹੀ ਭਰਨ ਲਈ ਹੈ, ਇਹ ਇਸ ਤਰਾਂ ਹੀ ਕਰਦੀ ਆਈ ਹੈ ਅਤੇ ਕਰਦੀ ਰਹੇਗੀ। ਜੇ ਡੂੰਘਾਈ ਨਾਲ ਇਸ ਤੱਤ ਦਾ ਨਿਰਨਾ ਕਰੀਏ ਤਾਂ ਇਹ ਹੋਰ ਵੀ ਭਿਆਨਕ ਦਿਸਦਾ ਹੈ। ਇਸ ਖ਼ਰਚੇ ਵਿਚ ਸਰਕਾਰ ਦੇ ਵਿਦਿਆ ਦੇ ਉਹ ਅਦਾਰੇ ਵੀ ਹਨ ਜਿਨ੍ਹਾਂ ਤਾਂਈ ਆਮ ਆਦਮੀ ਦੀ ਪਹੁੰਚ ਹੀ ਨਹੀਂ ਹੈ ਜਿਸ ਤਰਾਂ ਆਈ.ਆਈ.ਟੀ ਅਤੇ ਹੋਰ ਖੋਜ ਦੇ ਅਦਾਰੇ ਜਿਨ੍ਹਾਂ ਤੇ ਤਾਲੀਮ ਤੇ ਹੋਣ ਵਾਲੇ ਖ਼ਰਚੇ ਦਾ ਇਕ ਵੱਡਾ ਹਿੱਸਾ ਖ਼ਰਚ ਕੀਤਾ ਜਾਂਦਾ ਹੈ।

ਲੋਕ ਸਭਾ ਵਿਚ ਕਿਸੇ ਵੀ ਸਿਆਸੀ ਪਾਰਟੀ ਦੇ ਕਿਸੇ ਵੀ ਲੀਡਰ ਨੇ ਇਹ ਮੁੱਦਾ ਨਹੀਂ ਉਠਾਇਆ ਕਿ ਬਜਟ ਦਾ 70 ਫੀ ਸਦੀ ਹਿੱਸਾ ਸੂਦਖ਼ੋਰਾਂ ਦੀ ਜੇਬਾਂ ਭਰਨ ਲਈ ਕਿਉਂ ਲਾਇਆ ਜਾ ਰਿਹਾ ਹੈ? ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਇਸ ਦੀ ਬਹੁਤ ਹੀ ਸਿਫ਼ਤ ਕੀਤੀ ਹੈ। ਬੀ.ਜੇ.ਪੀ ਦੇ ਅਟਲ ਬਿਹਾਰੀ ਬਾਜਪਾਈ ਨੇ ਕਿਹਾ ਹੈ ਕਿ ਇਸ ਨਾਲ ਮਹਿੰਗਾਈ ਵਧੇਗੀ ਅਤੇ ਆਮ ਆਦਮੀ ਦੀਆਂ ਮੁਸ਼ਕਲਾਂ ਵਧਣਗੀਆਂ। ਕਿਸਾਨਾਂ ਲਈ ਇਸ ਵਿਚ ਕੁਝ ਵੀ ਨਹੀਂ ਹੈ।

ਸੀ.ਪੀ.ਆਈ. ਦੇ ਲੀਡਰ ਗੁਰੂਦਾਸ ਗੁਪਤਾ ਨੇ ਕਿਹਾ ਹੈ ਕਿ ਇਸ ਬਜਟ ਨੇ ਆਮ ਆਦਮੀ ਨਾਲ ਧੋਖਾ ਕੀਤਾ ਹੈ। ਇਸ ਬਜਟ ਦਾ ਟੈਕਸ ਤੰਤ੍ਰ ਖ਼ਰਾਬ ਹੈ। ਵੱਡੀਆਂ ਕੰਪਨੀਆਂ ਨੂੰ ਬਹੁਤ ਹੀ ਰਿਆਇਤਾਂ ਦਿੱਤੀਆਂ ਗਈਆਂ ਹਨ, ਤਾਲੀਮ ਅਤੇ ਸਿਹਤ ਤੇ ਖ਼ਰਚਾ ਵਧਾਇਆ ਨਹੀਂ ਗਿਆ ਹੈ।

ਸੀ.ਪੀ.ਆਈ. (ਐਮ) ਦੇ ਲੀਡਰ ਬਾਸੁਦੇਵ ਅਚਾਰੀਆ ਨੇ ਕਿਹਾ ਹੈ ਕਿ ਯੂ.ਪੀ. ਏ. ਸਰਕਾਰ ਨੇ ਖੱਬੀਆਂ ਪਾਰਟੀਆਂ ਵਲੋਂ ਪੇਸ਼ ਕੀਤੇ ਗਏ ਸੁਝਾਵਾਂ ਵੱਲ ਕੋਈ ਤਵੱਜੋ ਨਹੀਂ ਦਿਤੀ ਹੈ ਅਤੇ ਇਸ ਬਜਟ ਨਾਲ ਆਮ ਆਦਮੀ ਤੇ ਭਾਰ ਹੋਰ ਜ਼ਿਆਦਾ ਵਧੇਗਾ। ਇਸੇ ਤਰਾਂ ਹੋਰਨਾਂ ਪਾਰਟੀਆਂ ਨੇ ਵੀ ਇਹੋ ਜਿਹੀਆਂ ਫੋਕੀਆਂ ਗੱਲਾਂ ਹੀ ਕੀਤੀਆਂ ਹਨ। ਕਿਸੇ ਵੀ ਪਾਰਟੀ ਨੇ, ਖੱਬਿਆਂ-ਸੱਜਿਆਂ ਕਾਮਰੇਡਾਂ ਸਮੇਤ, ਇਹ ਗੱਲ ਨਹੀਂ ਉਠਾਈ ਕਿ ਲੋਕਾਂ ਦੇ ਖ਼ੂਨ ਪਸੀਨੇ ਨਾਲ ਪੈਦਾ ਕੀਤੀ ਹੋਈ ਦੌਲਤ ਦਾ 70% ਹਿੱਸਾ ਸਰਕਾਰ ਸੂਦਖ਼ੋਰਾਂ ਨੂੰ ਕਿਉਂ ਦੇ ਰਹੀ ਹੈ? ਨਾ ਹੀ ਕਿਸੇ ਵੀ ਪਾਰਟੀ ਨੇ ਇਹ ਸੁਝਾਅ ਪੇਸ਼ ਕੀਤਾ ਕਿ ਕਿਉਂ ਨਾ ਆਮ ਲੋਕਾਂ ਦੀ ਰਾਏ ਲਈ ਜਾਵੇ ਕਿ ਕਿ ਬਜਟ ਦਾ 70 % ਹਿੱਸਾ ਸੂਦਖ਼ੋਰਾਂ ਨੂੰ ਦੇਣਾ ਚਾਹੀਦਾ ਹੈ ਜਾਂ ਨਹੀਂ? ਇਸ ਗੱਲ ਤੋਂ ਇਹ ਸਾਫ਼ ਜ਼ਾਹਿਰ ਹੈ ਕਿ ਇਹ ਸਾਰੀਆਂ ਹੀ ਪਾਰਟੀਆਂ, ਖੱਬੇ-ਸੱਜੇ ਕਾਮਰੇਡਾਂ ਸਮੇਤ, ਸੂਦਖ਼ੋਰਾਂ ਦੀਆਂ ਜੇਬਾਂ ਭਰਨ ਦੇ ਹੱਕ ਵਿਚ ਹਨ। ਭਾਵੇ ਇਹ ਸਾਰੀਆਂ ਹੀ ਪਾਰਟੀਆਂ ਆਮ ਆਦਮੀ ਅਤੇ ਆਮ ਲੋਕਾਂ ਦਾ ਨਾਂ ਲੈਂਦੇ ਥੱਕਦੀਆਂ ਨਹੀਂ ਪਰ ਹਕੀਕਤ ਵਿਚ ਇਨ੍ਹਾਂ ਸਾਰਿਆਂ ਦਾ ਇਕ ਹੀ ਅਜੰਡਾ ਹੈ, ਉਹ ਹੈ ਸੂਦਖ਼ੋਰਾਂ ਦੀਆਂ ਜੇਬਾਂ ਭਰਨਾ।

ਲੋਕਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਬਜਟ ਪਾਸ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਆਪਣੇ ਖ਼ੂਨ ਪਸੀਨੇ ਦੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਬਾਰੇ ਫੈਸਲਾ ਕਰਨ ਦਾ ਉਨ੍ਹਾਂ ਦਾ ਬੁਨਿਆਦੀ ਹੱਕ ਹੈ। ਉਨ੍ਹਾਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਵਿੱਤ ਮੰਤ੍ਰੀ ਨੂੰ ਹਰ ਸਾਲ ਦੇ ਆਖੀਰ ਵਿਚ ਇਕ ਆਰਜ਼ੀ ਬਜਟ ਪੇਸ਼ ਕਰਨਾ ਚਾਹੀਦਾ ਹੈ ਜਿਸ ਤੇ ਜਨਵਰੀ ਅਤੇ ਫਰਵਰੀ ਦੇ ਮਹੀਨੇ ਵਿਚ ਲੋਕਾਂ ਵਿਚ ਵਿਚਾਰ ਵਟਾਂਦਰਾ ਕੀਤਾ ਜਾਵੇ। ਫਰਵਰੀ ਦੇ ਆਖੀਰ ਤਾਂਈਂ ਲੋਕ ਆਪਣੀ ਰਾਏ ਪਿੰਡਾ ਅਤੇ ਮਹੱਲਿਆਂ ਵਿਚ ਕਾਇਮ ਕੀਤੇ ਹੋਏ ਸਾਧਨਾਂ ਰਾਹੀਂ ਦੇਣ। ਇਹ ਕੋਈ ਮੁਸ਼ਕਲ ਗੱਲ ਨਹੀਂ। ਤਕਨੌਲੀਜੀ ਮੌਜੂਦ ਹੈ ਜਿਸ ਨਾਲ ਇਹ ਕੰਮ ਆਸਾਨ ਹੋ ਸਕਦਾ ਹੈ। ਇਹ ਕੰਮ ਪੰਚਾਇਤਾਂ ਅਤੇ ਹੋਰ ਅਦਾਰਿਆਂ ਰਾਹੀਂ ਵੀ ਕੀਤਾ ਜਾ ਸਕਦਾ ਹੈ।

ਹਿੰਦੁਸਤਾਨ ਗਰੀਬ ਨਹੀਂ ਹੈ।ਮਜ਼ਦੂਰ, ਕਿਸਾਨ ਅਤੇ ਹੋਰ ਮਿਹਨਤਕਸ਼ ਲੋਕ ਇਸ ਮੁਲਕ ਵਿਚ ਬਥੇਰੀ ਦੌਲਤ ਪੈਦਾ ਕਰਦੇ ਹਨ। ਹਿੰਦੁਸਤਾਨ ਦਾ ਰਾਜ ਤੰਤ੍ਰ ਅਤੇ ਸਰਕਾਰ ਇਹ ਦੌਲਤ ਜ਼ਬਰਦਸਤੀ ਸੂਦਖ਼ੋਰਾਂ ਦੇ ਹਵਾਲੇ ਕਰ ਦਿੰਦੀ ਹੈ। ਉਨ੍ਹਾਂ ਦੀ ਇਸ ਲੁੱਟ ਵਿਚ ਮੱਦਦ ਕਰਲ ਲਈ ਸਾਰੀਆਂ ਹੀ ਪਾਰਟੀਆਂ ਸ਼ਾਮਲ ਹਨ। ਇਸ ਲਈ ਲੋਕਾਂ ਨੂੰ ਇਸ ਪਾਰਟੀ ਰਾਜ ਦੇ ਸਿਸਟਮ ਨੂੰ ਖ਼ਤਮ ਕਰਕੇ  ਇਕ ਨਵੀਂ ਸਿਆਸੀ ਪ੍ਰਣਾਲੀ ਇਜਾਦ ਕਰਣ ਦੀ ਲੋੜ ਹੈ ਜਿਸ ਰਾਹੀਂ ਉਹ ਆਪਣੀ ਕਿਸਮਤ ਅਤੇ ਜ਼ਿੰਦਗੀ ਦੇ ਫੈਸਲੇ ਆਪ ਕਰ ਸਕਣ। ਜਿਨ੍ਹਾਂ ਚਿਰ ਉਹ ਇਹ ਕਦਮ ਨਹੀਂ ਉਠਾਉਂਦੇ ਉਨ੍ਹਾਂ ਚਿਰ ਸਰਕਾਰ ਅਤੇ ਰਾਜ ਤੰਤ੍ਰ ਸੂਦਖ਼ੋਰਾਂ ਨੂੰ ਉਨ੍ਹਾਂ ਦੀ ਮਿਹਨਤ ਦੀ ਕਮਾਈ ਦਿੰਦੇ ਰਹਿਣਗੇ ਅਤੇ ਉਨ੍ਹਾਂ ਦੀ ਮਿਹਨਤ ਤੇ ਡਾਕੇ ਮਾਰਦੇ ਰਹਿਣਗੇ।